# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, E Block, ਪੰਜਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ. ਨਗਰ

(ਵੋਕੇਸ਼ਨਲ ਸਿੱਖਿਆ ਅਤੇ NSQF, ਪੰਜਾਬ)

ਵੱਲ, **Through Website**

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ) ਪੰਜਾਬ
ਸਮੂਹ ਸਕੂਲ ਮੁੱਖੀ, ਪੰਜਾਬ

ਮੀਮੋ ਨੰ: ਵੋਕੇਸ਼ਨਲ ਐਜੂਕੇਸ਼ਨ/2018/216331
ਮਿਤੀ, ਐਸ.ਏ.ਐਸ ਨਗਰ 9/7/18

ਵਿਸ਼ਾ: E-Punjab School Portal ਤੇ ਵੋਕੇਸ਼ਨਲ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕਰਨ ਸਬੰਧੀ।

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਅਧੀਨ ਕਈ ਟ੍ਰੇਡ ਚੱਲ ਰਹੇ ਹਨ, ਇਨ੍ਹਾਂ ਟ੍ਰੇਡਾਂ ਵਿੱਚ ਕਾਫ਼ੀ ਗਿਣਤੀ ਵਿੱਚ ਵਿਦਿਆਰਥੀ ਵੋਕੇਸ਼ਨਲ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪ੍ਰੰਤੂ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲਾਂ ਵੱਲੋਂ ਵੋਕੇਸ਼ਨਲ ਅਧਿਆਪਕਾਂ/ ਵਰਕਸ਼ਾਪ ਅਟੈਂਡਟ ਅਤੇ ਵਿਦਿਆਰਥੀਆਂ ਦਾ ਵੇਰਵਾ ਈ-ਪੰਜਾਬ ਪੋਰਟਲ ਤੇ ਅਪਡੇਟ ਨਹੀਂ ਕੀਤਾ ਗਿਆ, ਜਦੋਂਕਿ ਵਿਭਾਗ ਵੱਲੋਂ ਜੋ ਵੀ ਤਜਵੀਜ਼ ਆਦਿ ਤਿਆਰ ਕਰਨੀ ਹੁੰਦੀ ਹੈ, ਉਹ ਈ-ਪੰਜਾਬ ਪੋਰਟਲ ਤੇ ਉਪਲਬਧ ਡਾਟਾ ਦੇ ਅਧਾਰ ਤੇ ਤਿਆਰ ਕੀਤੀ ਜਾਂਦੀ ਹੈ। ਕਈ ਸਕੂਲ ਮੁੱਖੀਆ ਵੱਲੋਂ ਇਸ ਕੰਮ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।

3. ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 15.7.2018 ਤੱਕ ਹਰ ਹਾਲਤ ਵਿੱਚ ਸਾਰੇ ਵੋਕੇਸ਼ਨਲ ਅਧਿਆਪਕਾਂ, ਵਰਕਸ਼ਾਪ ਅਟੈਂਡਟਾਂ ਅਤੇ ਵੋਕੇਸ਼ਨਲ ਦੇ ਵਿਦਿਆਰਥੀਆਂ ਦਾ ਡਾਟਾ ਅਪਡੇਟ ਕੀਤਾ ਜਾਵੇ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਨਿਰੋਲ ਜ਼ਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
9.7.18

ਪ੍ਰਿਠ ਅੰਕਣ ਨੰ: ਵੋਕੇਸ਼ਨਲ ਐਜੂਕੇਸ਼ਨ/2018/ਉਕਤ
ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜ਼ਿਲ੍ਹਾ ਵੋਕੇਸ਼ਨਲ ਕੋਆਰਡੀਨੇਟਰ ਪੰਜਾਬ
2. ਡੀ.ਐਮ (ਐਮ.ਆਈ.ਐਸ) ਦਫ਼ਤਰ ਡੀ.ਜੀ.ਐਸ.ਈ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
9.7.18

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਮਾਨਸਾ।
ਪਿੱਠ ਅੰਕਣ ਨੰ ਅ-1/ 2018-19/ਵੋਕੇਸ਼ਨਲ/
ਮਿਤੀ ਮਾਨਸਾ 11-7-2018
ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

Scanned by CamScanner